# ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜਾਦਾ ਅਜੀਤ ਸਿੰਘ ਨਗਰ-160062

(ਵਜੀਫਾ ਸ਼ਾਖਾ)

**ਵਿਸ਼ਾ:- ਦਸਵੀਂ ਪ੍ਰੀਖਿਆ ਵਿੱਚੋਂ ਮੈਰਿਟ ਤੇ ਆਏ ਵਿਦਿਆਰਥੀਆਂ ਨੂੰ ਬੋਰਡ ਵਜੀਫੇ ਦੇਣ ਸਬੰਧੀ ।**

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਬੋਰਡ ਕੈਲੰਡਰ VOL-II ਵਿੱਚ ਅੱਠਵੀਂ,ਦਸਵੀਂ ਅਤੇ ਬਾਰ੍ਹਵੀਂ ਪ੍ਰੀਖਿਆ ਵਿੱਚੋਂ ਮੈਰਿਟ ਵਿੱਚ ਆਏ ਵਿਦਿਆਰਥੀਆਂ ਨੂੰ ਬੋਰਡ ਵਜੀਫਾ ਦੇਣ ਲਈ ਉਪਬੰਧ ਦਰਜ ਹੈ ।

ਮੈਰਿਟ ਵਿੱਚ ਆਏ ਪ੍ਰੀਖਿਆਰਥੀਆਂ ਨੂੰ ਬੋਰਡ ਵੱਲੋਂ ਵਜੀਫੇ ਦੇਣ ਸਬੰਧੀ ਹਦਾਇਤਾਂ:-

1. ਉਕਤ ਦਰਸਾਈ ਸਕੀਮ ਤਹਿਤ ਸਕੂਲ ਮੁੱਖੀ ਅੱਠਵੀਂ,ਦਸਵੀਂ ਅਤੇ ਬਾਰ੍ਹਵੀਂ ਜਮਾਤ ਵਿੱਚ ਮੈਰਿਟ ਵਾਲੇ ਵਿਦਿਆਰਥੀਆਂ ਦੇ ਬਿੱਲ ਫਾਰਮ ਤਸਦੀਕ ਕਰਕੇ ਸਮੇਂ ਸਿਰ ਮੁੱਖ ਦਫਤਰ ਭੇਜਣੇ ਯਕੀਨੀ ਬਣਾਉਣਗੇ (ਬਿੱਲ ਫਾਰਮ ਅਤੇ ਹਦਾਇਤਾਂ ਬੋਰਡ ਦੀ ਵੈਬ-ਸਾਇਟ www.pseb.ac.in ਤੇ ਉਪਲਬੱਧ ਹਨ)
2. ਮਿੱਥੇ ਸਮੇਂ ਦੇ ਅੰਦਰ-ਅੰਦਰ ਜੇਕਰ ਕਿਸੇ ਸਕੂਲ ਵੱਲੋਂ ਵਿਦਿਆਰਥੀਆਂ ਨੂੰ ਸਮੇਂ ਸਿਰ ਅਪਲਾਈ ਨਹੀਂ ਕਰਵਾਇਆ ਗਿਆ ਤਾਂ ਇਸ ਦੀ ਨਿਰੋਲ ਜਿੱਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।
3. ਜਿਉਂ ਹੀ ਵਿਦਿਆਰਥੀ ਆਪਣੀ ਪੜਾਈ ਛੱਡ ਦੇਵੇਗਾ ਤਿਉਂ ਹੀ ਵਜੀਫੇ ਦੀ ਅਵਧੀ ਦੇ ਦੌਰਾਨ ਵਜੀਫਾ ਖਤਮ ਹੋ ਜਾਵੇਗਾ । ਵਜੀਫਾ ਧਾਰਕ ਜਿਸ ਸ਼੍ਰੇਣੀ ਵਿੱਚ ਦਾਖਲ ਹੋਇਆ ਹੈ ਜੇਕਰ ਉਸ ਦੀ ਸਲਾਨਾ ਪ੍ਰੀਖਿਆ ਵਿੱਚ ਫੇਲ ਹੋ ਜਾਵੇ ਤਾਂ ਇਹ ਵਜੀਫਾ ਆਪਣੇ ਆਪ ਖਤਮ ਹੋ ਜਾਵੇਗਾ।
4. ਸਕੂਲ ਮੁੱਖੀ ਸਪੱਸ਼ਟ ਕਰਨਗੇ ਕਿ ਵਜੀਫਾ ਧਾਰਕ ਦਾ ਆਚਰਣ/ਵਤੀਰਾ ਬਹੁਤ ਚੰਗਾ ਹੈ ਅਤੇ ਉਸਦੇ ਖਿਲਾਫ ਕੋਈ ਵੀ ਅਜਿਹੀ ਗੱਲ ਨਹੀਂ ਜਿਸ ਕਰਕੇ ਬੋਰਡ ਵੱਲੋਂ ਉਸਨੂੰ ਵਜੀਫਾ ਦੇਣ ਵਿੱਚ ਕੋਈ ਇਤਰਾਜ ਹੋਵੇ।
5. ਅੱਠਵੀ,ਦਸਵੀਂ ਅਤੇ ਬਾਰ੍ਹਵੀਂ ਦੇ ਪ੍ਰੀਖਿਆਰਥੀ ਜਿਸ ਵੀ ਸਕੂਲ/ਕਾਲਜ ਵਿੱਚ ਪੜ ਰਹੇ ਹਨ, ਬਿੱਲ ਫਾਰਮ ਉਸੇ ਹੀ ਸਕੂਲ/ਕਾਲਜ ਮੁੱਖੀ ਤੋਂ ਤਸਦੀਕ ਕਰਵਾਕੇ ਦਸਤੀ ਜਾਂ ਡਾਕ ਰਾਹੀਂ ਭੇਜਣਗੇ।
6. ਅੱਠਵੀਂ ਅਤੇ ਦਸਵੀਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਨੂੰ ਦੋ ਸਾਲਾਂ ਦਾ ਵਜੀਫਾ ਦਿੱਤਾ ਜਾਂਦਾ ਹੈ । ਪਹਿਲੇ ਸਾਲ ਦੀ ਪੜਾਈ ਲਈ ਇੱਕ ਹੀ ਬਿੱਲ ਫਾਰਮ ਭੇਜਿਆ ਜਾਵੇ,ਦੂਜੇ ਸਾਲ ਦੀ ਪੜਾਈ ਲਈ ਦੁਬਾਰਾ ਵਜੀਫਾ ਬਿੱਲ ਫਾਰਮ ਭਰਕੇ ਭੇਜਿਆ ਜਾਵੇ।
7. ਜੇਕਰ ਬਾਰ੍ਹਵੀਂ ਸ਼੍ਰੇਣੀ ਦੇ ਮੈਰਿਟ ਵਾਲੇ ਪ੍ਰੀਖਿਆਰਥੀ ਵੱਲੋਂ MHRD ਵਿਖੇ Online Apply ਕਰਦਾ ਹੈ ਤੇ MHRD ਵੱਲੋਂ ਦਿੱਤੇ ਜਾ ਰਹੇ ਵਜੀਫੇ ਦੇ ਯੋਗ ਹੈ ਤਾਂ ਉਹ ਪ੍ਰੀਖੀਆਰਥੀ ਬੋਰਡ ਦੇ ਵਜੀਫੇ ਲਈ ਹੱਕਦਾਰ ਨਹੀਂ ਹੋਵੇਗਾ । ਕੇਵਲ ਇੱਕ ਹੀ ਵਜੀਫੇ ਦਾ ਹੱਕਦਾਰ ਹੋਵੇਗਾ।

ਨੋਟ;- ਬੋਰਡ ਵਜੀਫਾ ਸਕੀਮ ਅਧੀਨ ਪ੍ਰੀਖਿਆਰਥੀਆਂ ਦੇ ਬਿਲ ਫਾਰਮ ਪੂਰੀ ਤਰਾਂ ਭਰਕੇ ਭੇਜਣ ਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ। ਜੇਕਰ ਪ੍ਰੀਖਿਆਰਥੀ ਸਿੱਧੇ ਤੌਰ ਤੇ ਮੁੱਖ ਦਫਤਰ ਆ ਕੇ ਵਜੀਫੇ ਦਾ ਚੈਕ ਪ੍ਰਾਪਤ ਕਰਦਾ ਹੈ, ਤਾਂ ਉਹ ਸਬੰਧਤ ਸਕੂਲ ਦੇ ਪ੍ਰਿੰਸੀਪਲ ਤੋਂ ਤਸਦੀਕ ਸ਼ੁਦਾ ਲੈਟਰ ਹੈਡ ਲਿਖਵਾ ਕੇ ਲੇਖਾ ਸ਼ਾਖਾ-9 ਵਿੱਚ ਜਮਾਂ ਕਰਵਾਉਣ ਉਪਰੰਤ ਚੈਕ ਪ੍ਰਾਪਤ ਕਰ ਸਕੇਗਾ।**ਬਿੱਲ ਫਾਰਮ ਕੇਵਲ ਮੈਰਿਟ ਵਾਲੇ ਵਿਦਿਆਰਥੀ ਹੀ ਭਰਨਗੇ ਅਤੇ ਮੈਰਿਟ ਲੜੀ ਨੰ. ਵਾਲੇ ਕਾਲਮ ਵਿੱਚ ਜੋ ਵਿਦਿਆਰਥੀ ਦਾ ਮੈਰਿਟ ਸੂਚੀ ਵਿੱਚ ਜੋ ਲੜੀ ਨੰ.ਦਰਜ ਹੈ ਉਹੀ ਲੜੀ ਨੰਬਰ ਵਾਲੇ ਕਾਲਮ ਵਿੱਚ ਭਰਿਆ ਜਾਵੇ।**

ਟੈਲੀਫੋਨ ਨੰ. 0172-5227358

ਸੁਪਰਡੰਟ(ਵਜੀਫਾ/ਬਾਰ੍ਹਵੀਂ)
ਵਾਸਤੇ : ਸਕੱਤਰ